# ਖ਼ੁਲਾਸਾ ਖ਼ੁਤਬਾ ਜੁੱਮਾ 04.04.2014

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁੱਲਾਹ ਤਆਲਾ ਬਿਨਸਰੇਹਿਲ ਅਜ਼ੀਜ਼ ਨੇ ਫ਼ਰਮਾਇਆ :

ਅੱਜ ਮੈਂ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੀਆਂ ਇਲਾਹੀ ਪ੍ਰੇਮ ਨਾਲ ਸੰਬੰਧਤ ਕੁੱਝ ਲਿੱਖਤਾਂ ਪੇਸ਼ ਕਰਾਂਗਾ, ਕੁੱਝ ਕਥਨ ਪੇਸ਼ ਕਰਾਂਗਾ, ਜਿੰਨ੍ਹਾ ਵਿੱਚ ਆਪ ਜੀ ਨੇ ਇਲਾਹੀ ਮੁਹਬੱਤ ਦੀ ਵਾਸਤਵਿਕਤਾ ਅਤੇ ਉਸਤਤੀ ਵੀ ਵਰਨਣ ਕੀਤੀ ਹੈ । ਰੱਬ ਦੇ ਪ੍ਰੇਮ ਨੂੰ ਪਾਉਂਣ ਦਾ ਭੇਦ, ਢੰਗ ਅਤੇ ਉਸਦੀ ਡੂੰਘਿਆਈ ਤੇ ਫ਼ਲਾਸਫ਼ੀ ਵੀ ਵਰਨਣ ਕੀਤੀ ਹੈ । ਇਲਾਹੀ ਪ੍ਰੇਮ ਬਾਰੇ ਸਾਡੇ ਕੋਲੋਂ ਜੋ ਆਪ ਦੇ ਮਨ੍ਹਣ ਵਾਲੇ ਹਨ, ਜੋ ਆਪ ਜੀ ਦੀ ਜਮਾਤ ਵਿੱਚ ਸ਼ਾਮਲ ਹਨ, ਕੀ ਆਸਾਂ ਰੱਖੀਆਂ ਹਨ, ਸਾਡੇ ਕੀ ਜਤਨ ਹੋਣੇ ਚਾਹੀਦੇ ਹਨ ਅਤੇ ਉਹਨਾਂ ਦਾ ਮਾਪਦੰਡ ਕੀ ਹੋਣਾ ਚਾਹੀਦਾ ਹੈ, ਇਹ ਸਭ ਕੁਝ ਵੀ ਵਰਨਣ ਕੀਤਾ ਹੈ । ਇਸ ਲਈ ਹਰ ਹਵਾਲਾ ਹੀ ਗ਼ੌਰ ਕਰਨ ਯੋਗ ਹੈ ਅਤੇ ਸਾਡੇ ਲਈ ਮਾਰਗ ਦਰਸ਼ਕ ਹੈ । ਇਸ ਲਈ ਗ਼ੌਰ ਨਾਲ ਸੁਨਣ ਦੀ ਲੋੜ ਹੈ ਤਾਂ ਜੋ ਇਲਾਹੀ ਮੁਹਬੱਤ ਦੇ ਵਿਸ਼ੇ ਦੀ ਰੂਹ ਨੂੰ ਸਮਝਦਿਆਂ ਹੋਇਆਂ ਇਸ ਵਿੱਚ ਅਗਾਂਹ ਵਧੱਣ ਵਾਲੇ ਹੋਣ ਤੇ ਵਾਧਾ ਕਰਨ ਵਾਲੇ ਹੋਣ ਅਤੇ ਆਪਣਾ ਸੁਧਾਰ ਕਰਨ ਵਾਲੇ ਹੋਣ ।

ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ :

ਮੁਹਬੱਤ ਕੋਈ ਬਣਾਉਟੀ ਜਾਂ ਦਿਖਾਵੇ ਦਾ ਕੰਮ ਨਹੀਂ ਸਗੋਂ ਮਨੁੱਖੀ ਸੁਭਾਵ ਵਿੱਚੋਂ ਇਹ ਵੀ ਇਕ ਗੁਣ ਹੈ ਅਤੇ ਇਸ ਦੀ ਹਕੀਕਤ ਇਹ ਹੈ ਕਿ ਮਨ ਦਾ ਇਕ ਚੀਜ ਨੂੰ ਪਸੰਦ ਕਰਕੇ ਉਸ ਵੱਲ ਖਿੱਚੇ ਜਾਣਾ । ਜਿਵੇਂ ਕਿ ਹਰ ਇਕ ਚੀਜ਼ ਦੇ ਅਸਲ ਗੁਣ ਉਸ ਦੇ ਕਮਾਲ ਤੱਕ ਪਹੁੰਚਣ ਸਮੇਂ ਬਹੁਤ ਹੀ ਖੁੱਲੇ ਤੌਰ'ਤੇ ਅਨੁਭਵ ਹੁੰਦੇ ਹਨ । ਇਹੋ ਮੁਹਬੱਤ ਦਾ ਹਾਲ ਦਾ ਹੈ ਕਿ ਇਸ ਦੇ ਜੌਹਰ ਵੀ ਉਸ ਸਮੇਂ ਖੁੱਲੇ ਤੇ ਪ੍ਰਤੱਖ ਪ੍ਰਕਟ ਹੁੰਦੇ ਹਨ ਜੱਦ ਪੂਰਨਤਾ ਤੇ ਕਮਾਲ ਦਰਜੇ ਨੂੰ ਪਹੁੰਚ ਜਾਵੇ (ਅਰਥਾਤ ਅਜਿਹਾ ਕਾਮਲ ਤੇ ਅੰਤ ਜੋ ਅਥਾਹ ਨੂੰ ਪਹੁੰਚ ਜਾਵੇ) । ਫ਼ਰਮਾਇਆ ਕਿ ਅੱਲਾਹ ਤਆਲਾ ਫ਼ਰਮਾਉਂਦਾ ਹੈ ਉਸ਼ਰਿਬੂ ਫ਼ੀ ਕਲੂਬਿਹਿਮੁਲ ਇਜਲਾ ਅਰਥਾਤ ਉਹਨਾਂ ਨੇ ਗਊ ਸਾਲਾ (ਗਊ ਦਾ ਇਕ ਸਾਲ ਦਾ ਵਛੇਰਾ) ਨਾਲ ਅਜਿਹਾ ਪ੍ਰੇਮ ਕੀਤਾ ਕਿ ਸੰਭਵਤਾ ਉਹਨਾ ਨੂੰ ਗਊ ਸਾਲਾ ਸ਼ਰਬਤ ਵਾਂਗ ਪਿਆ ਦਿੱਤਾ ਗਿਆ । ਵਾਸਤਵ ਵਿੱਚ ਜੋ ਮਨੁੱਖ ਕਿਸੇ ਨਾਲ ਕਾਮਲ ਮੁਹਬੱਤ ਕਰਦਾ ਹੈ ਸੰਭਤਾ ਉਸ ਨੂੰ ਪੀ ਲੈਂਦਾ ਹੈ ਜਾਂ ਖਾ ਲੈਂਦਾ ਹੈ ਅਤੇ ਉਸ ਦੇ ਅਖ਼ਲਾਕ (ਆਚਰਣ) ਤੇ ਚਾਲ ਚਲਨ ਨਾਲ ਰੰਗੀਨ ਹੋ ਜਾਂਦਾ ਹੈ ਅਤੇ ਜਿੰਨ੍ਹਾ ਪ੍ਰੇਮ ਵੱਧਦਾ ਹੈ ਉਨ੍ਹਾ ਹੀ ਮਨੁੱਖ ਸੁਭਾਵਕ ਤੌਰ'ਤੇ ਆਪਣੇ ਮਹਬੂਬ ਦੇ ਗੁਣਾ ਵੱਲ ਖਿੱਚਿਆ ਜਾਂਦਾ ਹੈ ਇੱਥੋਂ ਤੱਕ ਕਿ ਉਸੇ ਦਾ ਰੂਪ ਹੋ ਜਾਂਦਾ ਹੈ ਜਿਸ ਨਾਲ ਉਹ ਮੁਹਮੱਬਤ ਕਰਦਾ ਹੈ । ਇਹੋ ਭੇਦ ਹੈ ਕਿ ਜੋ ਮਨੁੱਖ ਖ਼ੁਦਾ ਨਾਲ ਮੁਹਬੱਤ ਕਰਦਾ ਹੈ ਉਹ ਸੁਭਾਵਕ ਤੌਰ'ਤੇ ਆਪਣੀ ਸ਼ਕਤੀ ਅਨੁਸਾਰ ਉਸ ਦਾ ਨੂਰ ਹਾਸਲ ਕਰ ਲੈਂਦਾ ਹੈ ਜੋ ਰੱਬ ਦੇ ਵਜੂਦ ਵਿੱਚ ਹੈ ਅਤੇ ਸ਼ੈਤਾਨ ਨਾਲ ਮੁਹਬੱਤ ਕਰਨ ਵਾਲੇ ਉਹ ਅੰਧਕਾਰ ਪ੍ਰਾਪਤ ਕਰ ਲੈਂਦੇ ਹਨ ਜੋ ਸ਼ੈਤਾਨ ਵਿੱਚ ਹੈ । ਇਸ ਲਈ ਫ਼ਰਮਾਇਆ ਕਿ ਇਹੋ ਮੁਹਬੱਤ ਦਾ ਭੇਦ ਹੈ ਕਿ ਖ਼ੁਦਾ ਤਆਲਾ ਦੀਆਂ ਸਿਫ਼ਤਾਂ ਨੂੰ ਅਪਨਾਉਂਣਾ ਮਾਅਰਫ਼ਤ ਦੇ ਵਿਸ਼ੇ ਵਿੱਚ ਦੱਸਿਆ ਗਿਆ ਸੀ ਕਿ ਜੱਦ ਤੱਕ ਸਾਰੀਆਂ ਸਿਫ਼ਾਤਾਂ ਦਾ ਗਿਆਨ ਨ ਹੋਵੇ ਮਾਅਰਫ਼ਤ ਨਹੀਂ ਹੋ ਸਕਦੀ ਅਤੇ ਮਾਅਰਫ਼ਤ ਦੇ ਬਾਦ ਮਨੁੱਖ ਜੱਦ ਅੱਗੇ ਵਧਣ ਲਗਦਾ ਹੈ ਤਾਂ ਉਹ ਪ੍ਰੇਮ ਹੈ ਅਤੇ ਮੁਹਬੱਤ ਉਸੇ ਸਮੇਂ ਕਾਮਲ ਹੁੰਦੀ ਹੈ ਜੱਦ ਅੱਲਾਹ ਤਆਲਾ ਦੀਆਂ ਸਿਫ਼ਾਤਾਂ (ਗੁਣਾਂ) ਨੂੰ ਅਪਣਾਇਆ ਵੀ ਜਾਵੇ । ਕੇਵਲ ਗਿਆਨ ਪ੍ਰਾਪਤ ਕਰਨਾ ਹੀ ਜ਼ਰੂਰੀ ਨਹੀਂ ਸਗੋਂ ਉਸ ਨੂੰ ਅਪਣਾਇਆ ਵੀ ਜਾਵੇ । ਅੱਲਾਹ ਦੇ ਰੰਗ ਵਿੱਚ ਰੰਗੀਨ ਵੀ ਹੋਇਆ ਜਾਵੇ, ਫਿਰ ਅੱਲਾਹ ਦਾ ਨੂਰ ਪ੍ਰਾਪਤ ਹੁੰਦਾ ਹੈ ।

ਫ਼ਰਮਾਇਆ ਅੱਲਾਹ ਤਆਲਾ ਦੀ ਅਗਿਆਕਾਰੀ ਕਰਨ ਵਾਲੇ ਵਾਸਤਵ ਵਿੱਚ ਤਿੰਨ ਕਿਸਮਾ ਵਿੱਚ ਵੰਡੇ ਹੋਏ ਹਨ । ਪਹਿਲੇ ਉਹ ਲੋਕ ਜੋ ਗੁਪਤ ਤੇ ਪ੍ਰਗਟ ਅਸਬਾਬ ਦੇ ਇਲਾਹੀ ਉਪਕਾਰਾਂ ਦਾ ਚੰਗੀ ਤਰ੍ਹਾਂ ਅਧਿਐਨ ਨਹੀਂ ਕਰਦੇ (ਅਰਥਾਤ

ਅਲੱਾਹ ਤਆਲਾ ਤਾਂ ਅਦ੍ਰਿਸ਼ ਹੈ ਪ੍ਰਗਟ ਨਹੀਂ ਕਿ ਮਨੁੱਖੀ ਰੂਪ ਵਿੱਚ ਦਿਖਾਈ ਦੇ ਜਾਵੇ ਅਤੇ ਸੰਸਾਰਕ ਅਸਬਾਬ ਦਿਖਾਈ ਦੇ ਰਹੇ ਹੁੰਦੇ ਹਨ, ਉਹਨਾਂ ਦਾ ਗਿਆਨ ਵੀ ਹੁੰਦਾ ਹੈ ਅਤੇ ਮਨੁੱਖ ਓਹਨਾਂ ਨੂੰ ਅਨੁਭਵ ਵੀ ਕਰਦਾ ਹੈ । ਫਿਰ ਜੱਦ ਸੰਸਾਰਕ ਚੀਜਾਂ ਸਾਹਮਣੇ ਦਿਖਾਈ ਦੇ ਰਹੀਆਂ ਹੋਣ ਤਾਂ ਫਿਰ ਇਹ ਅਹਿਸਾਸ ਨਹੀਂ ਰਹਿੰਦਾ ਕਿ ਇਹਨਾ ਅਸਬਾਬ ਨੂੰ ਪੈਦਾ ਕਰਨ ਵਾਲੀ ਵੀ ਕੋਈ ਹਸਤੀ ਹੈ ਅਤੇ ਉਹ ਰੱਬ ਹੈ । ਇਸ ਲਈ ਸੰਸਾਰਕ ਚੀਜਾਂ ਨਾਲ ਇਕ ਮਨੁੱਖ ਬਹੁਤਾ ਪ੍ਰੇਮ ਕਰਨ ਲੱਗ ਜਾਂਦਾ ਹੈ । ਫਿਰ ਫ਼ਰਮਾਇਆ ਕਿ ਤਿੰਨ ਪ੍ਰਕਾਰ ਦੀਆਂ ਇਹ ਚੀਜਾਂ ਹਨ ਪਹਿਲੇ ਉਹ ਲੋਕ ਹਨ ਜੋ ਅਧਿਐਨ ਨਹੀਂ ਕਰਦੇ, ਰੱਬ ਦੇ ਉਪਕਾਰਾਂ ਨੂੰ ਚੰਗੀ ਤਰ੍ਹਾਂ ਨਹੀਂ ਦੇਖਦੇ ਅਤੇ ਕਾਰਨ ਕੀ ਹੈ ਕਿ ਉਹ ਪਰਦੇ ਵਿੱਚ ਹੈ ਅਤੇ ਦੂਜੇ ਅਸਬਾਬ ਜੋ ਹਨ ਓਹ ਸਾਹਮਣੇ ਦਿਖਾਈ ਦੇ ਰਹੇ ਹੁੰਦੇ ਹਨ । ਫਿਰ ਫ਼ਰਮਾਉਂਦੇ ਹਨ ਕਿ ) ਅਤੇ ਨ ਉਹ ਜੋਸ਼ ਉਹਨਾਂ ਵਿੱਚ ਪੈਦਾ ਹੁੰਦਾ ਹੈ ਜੋ ਉਪਕਾਰਾਂ ਦੀ ਅਜ਼ਮਤ ਉਪੱਰ ਦ੍ਰਿਸ਼ਟੀ ਪਾਉਂਣ ਨਾਲ ਪੈਦਾ ਹੁੰਦਾ ਹੈ ਅਤੇ ਨ ਹੀ ਉਹ ਮੁਹਬੱਤ ਉਹਨਾਂ ਵਿੱਚ ਹਰਕਤ ਕਰਦੀ ਹੈ ਜੋ ਉਪਕਾਰ ਕਰਨ ਵਾਲੇ ਦੀ ਮਹਾਨਤਾ ਦੀ ਕਲਪਨਾ ਕਰਕੇ ਜੁੰਬਸ਼ (ਹਰਕਤ) ਵਿੱਚ ਆਇਆ ਕਰਦਾ ਹੈ ਸਗੋਂ ਕੇਵਲ ਇਕ ਸਰਸਰੀ ਜਿਹੀ ਦ੍ਰਿਸ਼ਟੀ ਨਾਲ ਰੱਬ ਦੇ ਖ਼ਾਲਕ ਹੋਣ ਆਦਿ ਨੂੰ ਸਵੀਕਾਰ ਕਰ ਲੈਂਦੇ ਹਨ । (ਰੱਬ ਦਾ ਉਪਕਾਰ ਨਹੀਂ ਮਨ੍ਹਦੇ ਸਗੋਂ ਕੇਵਲ ਸਮੂਹਕ ਤੌਰ'ਤੇ ਕਿਉਂਕਿ ਈਮਾਨ ਹੁੰਦਾ ਹੈ ਇਹ ਦਾਵਾ ਹੁੰਦਾ ਹੈ ਕਿ ਅਸੀਂ ਮੁਸਲਮਾਨ ਹਾਂ ਇਸ ਲਈ ਅਲੱਾਹ ਤਆਲਾ ਦਾ ਜੋ ਹੱਕ ਹੈ ਜਾਂ ਉਸਦੀ ਮਖ਼ਲੂਕ ਹੋਣ ਦਾ ਜੋ ਹੱਕ ਹੈ ਉਹ ਮਨ੍ਹ ਲੈਂਦੇ ਹਾਂ ਕਿ ਅਲੱਾਹ ਤਆਲਾ ਨੇ ਸਾਨੂੰ ਪੈਦਾ ਕੀਤਾ ) ਫ਼ਰਮਾਇਆ ਕਿ ਇਲਾਹੀ ਉਪਕਾਰ ਦੇ ਉਸ ਵਿਸਥਾਰ ਨੂੰ ਜਿੰਨ੍ਹਾਂ ਉਪੱਰ ਇਕ ਸੂਖਮ ਦ੍ਰਿਸ਼ਟੀ ਪਾਉਂਣੀ ਉਸ ਹਕੀਕੀ ਉਪਕਾਰੀ ਨੂੰ ਦ੍ਰਿਸ਼ਟੀਗੋਚਰ ਕਰ ਦਿੰਦਾ ਹੈ, ਕਦੇ ਵੀ ਅਵਲੋਕਨ ਨਹੀਂ ਕਰਦੇ (ਆਮ ਤੌਰ'ਤੇ ਤਾਂ ਇਹ ਕਹਿ ਦਿੰਦੇ ਹਨ ਕਿ ਅਸੀਂ ਖ਼ੁਦਾ ਤਆਲਾ ਨੂੰ ਮਨ੍ਹਦੇ ਹਾਂ, ਖ਼ੁਦਾ ਤਆਲਾ ਨਾਲ ਮੁਹਬੱਤ ਹੈ ਪਰ ਹਰ ਉਹ ਲਾਭ ਜੋ ਉਹ ਉਠਾ ਰਹੇ ਹੁੰਦੇ ਹਨ, ਉਸ ਦਾ ਲਾਭ ਚੁੱਕਦਿਆਂ ਹੋਇਆਂ ਰੱਬ ਦੇ ਉਪਕਾਰਾਂ ਨੂੰ ਸਾਹਮਣੇ ਨਹੀਂ ਰੱਖਦੇ ਸਗੋਂ ਸੰਸਾਰਕ ਲਾਭ ਨੂੰ ਸੰਸਾਰਕ ਅਸਬਾਬ ਦੇ ਸਾਹਮਣੇ ਰੱਖ ਰਹੇ ਹੁੰਦੇ ਹਨ ।) ਫ਼ਰਮਾਇਆ, ਕੀ, ਕਾਰਣ ਕੀ ਹੈ ਇਸ ਦਾ ਸਬਬ ਭੌਤਕ ਵਾਦ ਦਾ ਧੂੜ ਘੱਟਾ ਜੋ ਹਕੀਕੀ ਅਸਬਾਬ ਪੈਦਾ ਕਰਨ ਵਾਲੇ ਦਾ ਚਿਹਰਾ ਦੇਖਣ ਤੋਂ ਰੋਕ ਦਿੰਦਾ ਹੈ (ਕਿਉਂਕਿ ਵੇਖਣ ਵਿੱਚ ਜੋ ਸਬਬ ਹਨ ਜਿੰਨ੍ਹਾ ਤੋਂ ਲਾਭ ਉਠਾ ਰਿਹਾ ਹੁੰਦਾ ਹੈ ਇਸ ਪ੍ਰਕਾਰ ਢੱਕ ਲਿਆ ਹੁੰਦਾ ਹੈ ਕਿ ਰੱਬ ਜੋ ਇਹਨਾਂ ਸਾਰਿਆਂ ਅਸਬਾਬ ਨੂੰ ਪੈਦਾ ਕਰਨ ਵਾਲਾ ਹੈ, ਉਸਦਾ ਚਿਹਰਾ ਦਿਖਾਈ ਨਹੀਂ ਦਿੰਦਾ । ਫਿਰ ਕਿਉਂਕਿ ਮਾਦਾ ਪ੍ਰਸਤੀ (ਭੌਤਕਵਾਦ) ਹੈ ਇਸ ਲਈ ਹਕੀਕੀ ਅਸਬਾਬ ਪੈਦਾ ਕਰਨ ਵਾਲੇ ਦਾ ਪੂਰਾ ਚਿਹਰਾ ਇਹ ਚੀਜ਼ ਰੋਕ ਦਿੰਦੀ ਹੈ ) ਇਸ ਲਈ ਉਹਨਾ ਨੂੰ ਉਹ ਸਾਫ਼ ਨਜ਼ਰ ਨਹੀਂ ਮਿਲਦੀ ਜਿਸ ਨਾਲ ਉਹ ਪੂਰਨ ਤੌਰ'ਤੇ ਉਸਦੇ ਪਵਿੱਤਰ ਸਰੂਪ ਦੀ ਸੁੰਦਰਤਾ ਦਾ ਅਵਲੋਕਨ ਕਰ ਸਕਦੇ ਹੋਣ । (ਉਹ ਜੋ ਹਰ ਇਕ ਚੀਜ਼ ਬਖ਼ਸ਼ਣ ਵਾਲਾ ਹੈ ਅਸਲ ਵਿੱਚ ਹਕੀਕੀ ਤੌਰ'ਤੇ ਉਹੋ ਹੈ ਜੋ ਦੇਣ ਵਾਲਾ ਹੈ; ਉਸ ਦੀ ਜੋ ਸੁੰਦਰਤਾ ਹੈ; ਸਰੂਪਤਾ ਹੈ; ਹੁਸਨ ਹੈ ਉਹ ਸਾਡੇ ਸਾਹਮਣੇ ਨਹੀਂ ਆਉਂਦਾ । ਫ਼ਰਮਾਇਆ ਕਿ ) ਸੋ, ਉਹਨਾਂ ਦੀ ਅਧੂਰੀ ਮਆਰਫ਼ਤ ਅਸਬਾਬ ਦੀ ਪੱਖਪਾਤੀ ਮੈਲ ਨਾਲ ਰਲੀ ਹੋਈ ਹੁੰਦੀ ਹੈ, ਇਸੇ ਕਰਕੇ ਉਹ ਖ਼ੁਦਾ ਤਆਲਾ ਤੇ ਉਪਕਾਰਾਂ ਨੂੰ ਚੰਗੀ ਤਰ੍ਹਾਂ ਨਹੀਂ ਦੇਖ ਸਕਦੇ, ਆਪ ਵੀ ਉਹ ਰਗ਼ਬਤ ਨਹੀਂ ਕਰਦੇ ਜੋ ਉਪਕਾਰਾਂ ਦੇ ਅਵਲੋਕਨ ਸਮੇਂ ਕਰਨੀ ਪੈਂਦੀ ਹੈ, ਜਿਸ ਨਾਲ ਪਰਉਕਾਰੀ ਦੀ ਸ਼ਕਲ ਨਜ਼ਰਾਂ ਸਾਹਮਣੇ ਆ ਜਾਂਦੀ ਹੈ ਸਗੋਂ ਉਸਦੀ ਮਆਰਫ਼ਤ ਧੁੰਧਲੀ ਜਿਹੀ ਹੁੰਦੀ ਹੈ । ਕਾਰਣ ਇਹ ਹੈ ਕਿ ਉਹ ਕੁਝ ਤਾਂ ਆਪਣੀ ਮਿਹਨਤਾਂ ਅਤੇ ਅਸਬਾਬ ਉਪੱਰ ਭਰੋਸਾ ਰੱਖਦੇ ਹਨ ਅਤੇ ਕੁਝ ਸੰਕੋਚ ਵੱਜੋਂ ਇਹ ਵੀ ਮਨ੍ਹਦੇ ਹਨ ਕਿ ਖ਼ੁਦਾ ਤਆਲਾ ਦੇ ਖ਼ਾਲਕ ਤੇ ਰਾਜ਼ਕ (ਰੋਜ਼ੀ ਦਹਿੰਦ) ਹੋਣ ਦਾ ਹੱਕ ਸਾਡੇ ਉਪੱਰ ਵਾਜਬ ਹੈ । ਕਿਉਂਕਿ ਖ਼ੁਦਾ ਤਆਲਾ ਮਨੁੱਖ ਨੂੰ ਉਸ ਦੀ ਸੋਚ ਤੋਂ ਵੱਧ ਕਸ਼ਟ ਨਹੀਂ ਦਿੰਦਾ ਇਸ ਲਈ ਉਹਨਾਂ ਤੋਂ ਜੱਦ ਤੱਕ ਕਿ ਉਹ ਇਸ ਅਵਸਥਾ ਵਿੱਚ ਹਨ ਇਹੋ ਚਾਹੁੰਦਾ ਹੈ ਕਿ ਉਸ ਦੇ ਅਧਿਕਾਰਾਂ ਦਾ ਧੰਨਵਾਦ ਕਰਨ ਅਤੇ ਆਇਤ ਇੰਨਲੱਾਹਾ ਯਾਮੁਰੁ ਬਿਲ ਅਦਲਿ ( إِنَّ ٱللَّهَ يَأْمُرُ بِٱلْعَدْلِ) ਵਿੱਚ ਅਦਲ (ਨਿਆ) ਤੋਂ ਭਾਵ ਇਹੋ ਆਗਿਆਕਾਰੀ ਨਿਅਆਏ ਦੇ ਪੱਖ ਅਨੁਸਾਰ ਹੈ ।(ਕਿਉਂਕਿ ਉਹਨਾਂ ਨੂੰ ਪੂਰੀ ਤਰ੍ਹਾਂ ਗਿਆਨ ਨਹੀਂ ਕੇਵਲ ਰੱਬ ਦੇ ਖ਼ਾਲਕ ਤੇ

ਰਾਜ਼ਕ ਹੋਣ ਦਾ ਭਾਵੇਂ ਉਹ ਜ਼ਬਾਨੀ ਪ੍ਰਗਟਾਵਾ ਕਰ ਰਹੇ ਹੁੰਦੇ ਹਨ । ਇਸ ਲਈ ਰੱਬ ਵੀ ਉਹਨਾਂ ਦੀ ਇਸੇ ਅਵਸਥਾ ਨੂੰ ਸਾਹਮਣੇ ਰੱਖਦਿਆਂ ਹੋਇਆਂ ਜਿੰਨ੍ਹਾ ਜਿੰਨ੍ਹਾ ਉਹ ਧਨਵਾਦ ਕਰ ਰਹੇ ਹੁੰਦੇ ਹਨ । ਰੱਬ ਦੇ ਨਿਆਏ ਦਾ ਤਕਾਦਾ ਹੈ ਕਿ ਉਹ ਉਹਨਾਂ ਲਈ ਐਨ੍ਹਾ ਹੀ ਬਹੁਤ ਸਮਝੇ ਅਤੇ ਉਹ ਵੀ ਇਹੋ ਸਮਝਦੇ ਹਨ ਕਿ ਅਸੀਂ ਰੱਬ ਖ਼ਾਤਰ ਬਹੁਤ ਕੁਝ ਕਰ ਲਿਆ ਹੈ ।) ਪਰ ਫ਼ਰਮਾਇਆ ਕਿ ਇਸ ਤੋਂ ਵੱਧ ਕੇ ਇਕ ਹੋਰ ਮਰਤਬਾ ਮਨੁੱਖ ਦੀ ਮਆਰਫ਼ਤ ਦਾ ਹੈ ਅਤੇ ਉਹ ਇਹ ਹੈ ਕਿ ਜਿਵੇਂ ਕਿ ਅਸੀਂ ਹੁਣੇ ਹੀ ਵਰਨਣ ਕਰ ਚੁਕੇ ਹਾਂ ਮਨੁੱਖ ਦੀ ਦ੍ਰਿਸ਼ਟੀ ਭੌਤਕ ਅਸਬਾਬ ਤੋਂ ਪੂਰਨ ਪਾਕ ਤੇ ਪਵਿੱਤਰ ਹੋਕੇ ਰੱਬ ਦੀ ਮਿਹਰ ਤੇ ਉਪਕਾਰਾਂ ਦੇ ਹੱਥਾਂ ਨੂੰ ਦੇਖ ਲੈਂਦੀ ਹੈ । ਇਸ ਮਰਤਬੇ ਉਪੱਰ ਮਨੁੱਖ ਅਸਬਾਬ ਦੇ ਪਰਦਿਆਂ ਵਿੱਚੋਂ ਬਾਹਰ ਆ ਜਾਂਦਾ ਹੈ ਅਤੇ ਇਹ ਕਥਨ ਕਿ ਉਧਾਰਣ ਲਈ ਮੇਰੀ ਆਪਣੀ ਹੀ ਸੀਂਚਾਈ ਕਰਕੇ ਮੇਰੀ ਖੇਤੀ ਹੋਈ ਜਾਂ ਮੇਰੀ ਆਪਣੀਆਂ ਬਾਹਾਂ ਕਰਕੇ ਇਹ ਸਫ਼ਲਤਾ ਮਿਲੀ ਜਾਂ ਜ਼ੈਦ ਦੀ ਮਿਹਰ ਕਰਕੇ ਫ਼ਲਾਣਾ ਉਦੇਸ਼ ਪੂਰਾ ਹੋਇਆ ਅਤੇ ਬਕਰ ਦੀ ਸੂਚਨਾ ਕਰਕੇ ਮੈਂ ਤਬਾਹੀ ਤੋਂ ਬਚ ਗਿਆ । ਇਹ ਸਾਰੀਆਂ ਗੱਲਾਂ ਤੁੱਛ ਤੇ ਹੀਣੀਆਂ ਮਲੂਮ ਹੋਣ ਲਗਦੀਆਂ ਹਨ ਅਤੇ ਇਕ ਹੀ ਹਸਤੀ, ਇਕ ਹੀ ਕੁਦਰਤ, ਇਕ ਹੀ ਪਰਉਪਕਾਰੀ ਤੇ ਇਕ ਹੀ ਹੱਥ ਦਿਖਾਈ ਦਿੰਦਾ ਹੈ । ਉਸ ਸਮੇਂ ਮਨੁੱਖ ਇਕ ਸਾਫ਼ ਤੇ ਸਪਸ਼ਟ ਦ੍ਰਿਸ਼ਟੀ ਨਾਲ ਜਿਸ ਨਾਲ ਇਕ ਕਣ ਵੀ ਗਰਦ ਦਾ ਨਹੀਂ, ਰੱਬ ਦੇ ਉਪਕਾਰਾਂ ਨੂੰ ਦੇਖਦਾ ਹੈ ਅਤੇ ਇਹ ਦ੍ਰਿਸ਼ ਇਸ ਪ੍ਰਕਾਰ ਸਾਫ਼ ਤੇ ਯਕੀਨੀ ਹੁੰਦਾ ਹੈ ਕਿ ਉਹ ਅਜਿਹੇ ਪਰਉਪੱਕਾਰੀ ਦੀ ਇਬਾਦਤ ਕਰਨ ਸਮੇਂ ਉਸਨੂੰ ਅਦ੍ਰਿਸ਼ ਨਹੀਂ ਸਮਝਦਾ ਸਗੋਂ ਉਸ ਨੂੰ ਯਕੀਨੀ ਤੌਰ'ਤੇ ਹਾਜ਼ਰ ਖ਼ਿਆਲ ਕਰਕੇ ਉਸ ਦੀ ਇਬਾਦਤ ਕਰਦਾ ਹੈ । ਇਸ ਲਈ ਇਸ ਇਬਾਦਤ ਦਾ ਨਾਂ ਕੁਰਆਨ ਕਰੀਮ ਵਿੱਚ 'ਇਹਸਾਨ' ਹੈ । ਸਹੀ ਬੁਖ਼ਾਰੀ ਤੇ ਸਹੀ ਮੁਸਲਿਮ ਵਿੱਚ ਹਜ਼ਰਤ ਮੁਹਮੱਦ ਸਲੱਾਹੁ ਅਲੈਹਿ ਵਸਲੱਮ ਨੇ ਖ਼ੁਦ 'ਇਹਸਾਨ' ਦੇ ਇਹੋ ਅਰਥ ਵਰਨਣ ਕੀਤੇ ਹਨ । ਇਸ ਦਰਜੇ ਦੇ ਬਾਦ ਇਕ ਹੋਰ ਦਰਜਾ ਹੈ ਜਿਸ ਦਾ ਨਾਂ 'ਈਤਾਇਜ਼ਿਲ ਕੁਰਬਾ' ਹੈ । ਇਸ ਦਾ ਵਿਸਥਾਰ ਇਹ ਹੈ ਕਿ ਜੱਦ ਮਨੁੱਖ ਇਕ ਲੰਮੇ ਸਮੇਂ ਤੱਕ ਇਲਾਹੀ ਉਪਕਾਰਾਂ ਨੂੰ ਅਸਬਾਬ ਤੋਂ ਬਿਨਾ ਦੇਖਦਾ ਰਹੇ ਅਤੇ ਉਸ ਨੂੰ ਹਾਜ਼ਰ ਤੇ ਨਾਜ਼ਰ ਸਮਝ ਕੇ ਉਸਦੀ ਇਬਾਦਤ ਕਰਦਾ ਰਹੇ ਤਾਂ ਇਸ ਕਲਪਨਾਂ ਤੇ ਖ਼ਿਆਲ ਦਾ ਅੰਤਮ ਸਿੱਟਾ ਇਹ ਹੋਵੇਗਾ ਕਿ ਉਸ ਨੂੰ ਇਕ ਜ਼ਾਤੀ ਮੁਹਬੱਤ ਖ਼ੁਦਾ ਤਆਲਾ ਬਾਰੇ ਪੈਦਾ ਹੋ ਜਾਵੇਗੀ ਕਿਉਂਕਿ ਨਿਰੰਤਰ ਉਪਕਾਰਾਂ ਦਾ ਸਦੈਵੀ ਦ੍ਰਿਸ਼ ਬਿਨੈਕਾਰ ਮਨੁੱਖ ਦੇ ਮਨ ਉਪੱਰ ਇਹ ਪ੍ਰਭਾਵ ਪੈਦਾ ਕਰਦਾ ਹੈ (ਅਰਥਾਤ ਉਸ ਮਨੁੱਖ ਨੂੰ ਜਿਸ ਉਪੱਰ ਉਪਕਾਰ ਕੀਤਾ ਜਾਵੇ ਦੇ ਮਨ ਵਿੱਚ ਇਹ ਪ੍ਰਭਾਵ ਪੈਦਾ ਕਰਦ ਹੈ) ਕਿ ਉਹ ਹੌਲੀ ਹੌਲੀ ਉਸ ਮਨੁੱਖ ਦੀ ਜ਼ਾਤੀ ਮੁਹਬੱਤ ਨਾਲ ਭਰ ਜਾਂਦਾ ਹੈ ਜਿਸ ਦੇ ਅਸੰਖ ਉਪਕਾਰ ਉਸ'ਤੇ ਵਿਆਪਤ ਹੋ ਗਏ । ਅਜਿਹੀ ਅਵਸਥਾ ਵਿੱਚ ਉਹ ਕੇਵਲ ਉਪਕਾਰਾਂ ਦੇ ਖ਼ਿਆਲ ਨਾਲ ਉਸ ਦੀ ਇਬਾਦਤ ਨਹੀਂ ਕਰਦਾ ਸਗੋਂ ਉਸ ਦੀ ਜ਼ਾਤੀ ਮੁਹਬੱਤ ਮਨ ਵਿੱਚ ਬਹਿ ਜਾਂਦੀ ਹੈ ਜਿਵੇਂ ਕਿ ਬੱਚੇ ਨੂੰ ਇਕ ਜ਼ਾਤੀ ਮੁਹਬੱਤ ਆਪਣੀ ਮਾਂ ਨਾਲ ਹੁੰਦੀ ਹੈ । ਇਸ ਲਈ ਇਸ ਮਰਤਬੇ'ਤੇ ਉਹ ਇਬਾਦਤ ਸਮੇਂ ਕੇਵਲ ਰੱਬ ਨੂੰ ਦੇਖਦਾ ਹੀ ਨਹੀਂ ਸਗੋਂ ਦੇਖ ਕੇ ਸੱਚੇ ਆਸ਼ਕ ਵਾਂਗ ਆਨੰਦ ਵੀ ਉਠਾਉਂਦਾ ਹੈ ਅਤੇ ਸਾਰੇ ਭੌਤਕ ਉਦੇਸ਼ ਖ਼ਤਮ ਹੋਕੇ ਉਸ ਦੇ ਅੰਦਰ ਜ਼ਾਤੀ ਮੁਹਬੱਤ ਪੈਦਾ ਹੋ ਜਾਂਦੀ ਹੈ । ਇਹ ਉਹ ਮਰਤਬਾ ਹੈ ਜਿਸ ਨੂੰ ਰੱਬ ਨੇ 'ਈਤਾਇਜ਼ਿਲ ਕੁਰਬਾ' ਦੇ ਸ਼ਬਦਾਂ ਨਾਲ ਨਾਂਮਿਤ ਕੀਤਾ ਹੈ ਅਤੇ ਇਸੇ ਵੱਲ ਰੱਬ ਨੇ ਇਸ ਆਇਤ ਵਿੱਚ ਸੰਕੇਤ ਕੀਤਾ ਹੈ 'ਫ਼ਜ਼ਕੁਰਲੱਾਹਾ ਕ ਜ਼ਿਕਰਿਕੁਮ ਅਬਾਆਕੁਮ  ਅਓ ਅਸ਼ਦੁੱ ਜ਼ਿਕਰਾ' ( فاذکرواللہ کذکرکم اباءکم اواشدذکرا ) ਭਾਵ ਆਇਤ ਇੱਨਲੱਾਹਾ ਅਮਰੁ ਬਿਲ ਅਦਲਿਵਲ ਇਹਸਾਨਿ ਵ ਈਤਾਇਜ਼ਿਲ ਕੁਰਬਾ ( ان اللہ یأمر بالعدل والاحسان وأیتائ ذی القربی ) ਦੀ ਇਹ ਵਿਆਖਿਆ ਹੈ । ਇਸ ਵਿੱਚ ਰੱਬ ਨੇ ਮਨੁੱਖੀ ਮਆਰਫ਼ਤ ਦੇ ਤਿੰਨੇ ਮਰਤਬੇ ਵਰਨਣ ਕਰ ਦਿੱਤੇ । ਤੀਜੇ ਮਰਤਬੇ ਨੂੰ ਜ਼ਾਤੀ ਮੁਹਬੱਤ ਦਾ ਮਰਤਬਾ ਕਰਾਰ ਦਿੱਤਾ । ਇਹ ਉਹ ਮਰਤਬਾ ਹੈ ਜਿਸ ਵਿੱਚ ਸਾਰੇ ਭੌਤਕ ਉਦੇਸ਼ ਸੜ ਜਾਂਦੇ ਹਨ ਅਤੇ ਮਨ ਪ੍ਰੇਮ ਨਾਲ ਭਰ ਜਾਂਦਾ ਹੈ ਕਿ ਜਿਵੇਂ ਕਿ ਸ਼ੀਸ਼ੀ ਇਤੱਰ (ਖ਼ੁਸਬੋ) ਨਾਲ ਭਰੀ ਹੁੰਦੀ ਹੈ । ਇਸੇ ਮਰਤਬੇ ਵੱਲ ਇਸ ਆਇਤ ਵਿੱਚ ਸੰਕੇਤ ਹੈ ਵ ਮਿਨਨੱਾਸਿ ਮੰਯ ਯਸ਼ਰੀ ਨਫ਼ਸਾਹੂ ਇਬਤਗ਼ਾਆ ਮਰਜ਼ਾਤਿਲੱਾਹ, ਵੱਲਾਹੁ ਰਊਫ਼ੁਨ ਬਿਲ ਇਬਾਦ ।( ومن الناس من یشری نفسہ ابتغاء مرضات اللہ واللہ رءوف بالعباد ) ਅਰਥਾਤ ਕੁਝ

ਮੋਮਨ ਲੋਕਾਂ ਵਿੱਚ ਉਹ ਵੀ ਹਨ ਜੋ ਆਪਣੀਆਂ ਜਾਨਾ ਇਲਾਹੀ ਰਜ਼ਾ ਖਾਤਰ ਵੇਚ ਦਿੰਦੇ ਹਨ ਅਤੇ ਰੱਬ ਅਜਿਹਿਆਂ ਉਪੱਰ ਮਿਹਬਾਨ ਹੁੰਦਾ ਹੈ । ਫਿਰ ਫ਼ਰਮਾਇਆ 'ਬਲਾ ਮਨ ਅਸਲਾਮਾ ਵਜਹੁਲੱਾਹ ਵਾਹੁਵਾ ਮੁਹਸਿਨੁਨ ਫ਼ਾਲਾਹੁ ਅਜਰੂਹੂ ਇੰਦਾ ਰਬੱਾਹੁ ਵਲਾ ਖ਼ੋਫ਼ੁਨ ਅਲੈਹਿਮ ਵਲਾਹੁਮ ਯਹਜ਼ਾਨੂਨ ( بلی من اسلم وجهه لله وهو محسن فله اجره عند ربه ولا خوف علیهم ولا هم یحزنون) ਅਰਥਾਤ ਉਹ ਲੋਕ ਮੁਕਤੀ ਪ੍ਰਾਪਤ ਹਨ ਜੋ ਆਪਣਾ ਵੁਜੂਦ ਖ਼ੁਦਾ ਦੇ ਹਵਾਲੇ ਕਰ ਦੇਣ ਅਤੇ ਉਸ ਦੀਆਂ ਨੇਮਤਾਂ ਦੇ ਖ਼ਿਆਲ ਨਾਲ ਇਸ ਪ੍ਰਕਾਰ ਇਬਾਦਤ ਕਰਨ ਕਿ ਸੰਭਵਤਾ ਉਸ ਨੂੰ ਦੇਖ ਰਹੇ ਹਨ । ਸੋ, ਅਜਿਹੇ ਲੋਕ ਰੱਬ ਵੱਲੋਂ ਪ੍ਰਤੀਫ਼ਲ ਪ੍ਰਾਪਤ ਕਰਦੇ ਹਨ, ਅਤੇ ਨ ਉਹਨਾਂ ਨੂੰ ਕੋਈ ਖ਼ੋਫ਼ ਹੈ ਅਤੇ ਨ ਹੀ ਉਹ ਕੋਈ ਗ਼ਮ ਕਰਦੇ ਹਨ ਅਰਥਾਤ ਉਹਨਾ ਦਾ ਉਦੇਸ਼ ਖ਼ੁਦਾ ਅਤੇ ਖ਼ਦਾ ਦੀ ਮੁਹਬੱਤ ਹੋ ਜਾਂਦੀ ਹੈ ਅਤੇ ਰੱਬ ਵੱਲੋਂ ਨੇਮਤਾਂ ਉਹਨਾਂ ਦਾ ਪ੍ਰਤੀਫ਼ਲ ਹੁੰਦਾ ਹੈ । ਫ਼ਿਰ ਰੱਬ ਦੀ ਨੇੜਤਾ ਪ੍ਰਾਪਤ ਕਰਨ ਦੇ ਤਰੀਕੇ ਦਾ ਵਰਨਣ ਕਰਦਿਆਂ ਹੋਇਆਂ ਆਪ ਇਕ ਥਾਂ ਫ਼ਰਮਾਉਂਦੇ ਹਨ :

ਕੁਰਆਨ ਕਰੀਮ ਇਸ ਸਿੱਖਿਆ ਨੂੰ ਪੇਸ਼ ਕਰਦਾ ਹੈ ਜਿਸ ਰਾਹੀਂ ਅਤੇ ਜਿਸ ਉਪੱਰ ਅਮਲ ਕਰਨ ਨਾਲ ਇਸੇ ਦੁਨੀਆ ਵਿੱਚ ਇਲਾਹੀ ਦੀਦਾਰ ਪ੍ਰਾਪਤ ਹੋ ਸਕਦਾ ਹੈ । ਜਿਵੇਂ ਕਿ ਉਹ ਫ਼ਰਮਾਉਂਦਾ ਹੈ 'ਮਨ ਕਾਨਾ ਯਰਜੁਲ ਕਾਰਬਾ ਫ਼ਲਯਾਮਲ ਆਮਾਲਨ ਸਾਲਿਹੰਵ ਵਲਾ ਯਸ਼ਰਿਕ ਬਿ ਇਬਾਦਾਤਿ ਰੱਬੇਹੀ ਆਹਾਦਾ' ( من کان یرجوا لقاء ربه فلیعمل عملا صالحا ولا یشرك بعبادة ربه احدا) ਅਰਥਾਤ ਜੋ ਮਨੁੱਖ ਚਾਹੁੰਦਾ ਹੈ ਕਿ ਇਸੇ ਦੁਨੀਆ ਵਿੱਚ ਉਸ ਰੱਬ ਦਾ ਦੀਦਾਰ ਨਸੀਬ ਹੋ ਜਾਵੇ ਜੋ ਹਕੀਕੀ ਖ਼ੁਦਾ ਅਤੇ ਪਿਆਰਾ ਹੈ । ਇਸ ਲਈ ਚਾਹੀਦਾ ਹੈ ਕਿ ਉਹ ਅਜਿਹੇ ਨੇਕ ਅਮਲ ਕਰੇ ਜਿੰਨ੍ਹਾ ਵਿੱਚ ਕਿਸੇ ਵੀ ਪ੍ਰਕਾਰ ਦੀ ਮਿਲਾਵਟ ਨ ਹੋਵੇ ਅਰਥਾਤ ਉਸ ਦੇ ਅਮਲ ਨ ਲੋਕਾਂ ਨੂੰ ਦਿਖਾਉਂਣ ਲਈ ਹੋਣ; ਨ ਓਹਨਾ ਕਰਕੇ ਮਨ ਵਿੱਚ ਘਮੰਡ ਪੈਦਾ ਹੋਵੇ ਕਿ ਮੈਂ ਅਜਿਹਾ ਹਾਂ ਤੇ ਅਜਿਹਾ ਹਾਂ ਅਤੇ ਨ ਉਹ ਅਮਲ ਅਧੂਰੇ ਹੋਣ ਨ ਨਾਕਸ ਹੋਣ ਅਤੇ ਨ ਉਹਨਾ ਵਿੱਚ ਵਿੱਚ ਕਿਸੇ ਪ੍ਰਕਾਰ ਦੀ ਬੋ ਹੋਵੇ ਜੋ ਜ਼ਾਤੀ ਮੁਹਬੱਤ ਦੇ ਵਿਰੁਧ ਹੋਵੇ । ਸਗੋਂ ਚਾਹੀਦਾ ਹੈ ਕਿ ਸਚੱਾਈ ਤੇ ਵਫ਼ਾਦਾਰੀ ਨਾਲ ਭਰੇ ਹੋਣ ਅਤੇ ਨਾਲ ਹੀ ਇਹ ਵੀ ਚਾਹੀਦਾ ਹੈ ਕਿ ਹਰ ਇਕ ਪ੍ਰਕਾਰ ਦੇ ਸ਼ਿਰਕ (ਅਨੇਕ ਈਸ਼ਵਰਵਾਦ) ਤੋਂ ਪਾਕ ਹੋਣ । ਨ ਸੂਰਜ; ਨ ਚੰਨ੍ਹ; ਨ ਆਕਾਸ਼; ਨ ਤਾਰੇ; ਨ ਹਵਾ; ਨ ਅੱਗ; ਨ ਪਾਣੀ ਨ ਕੋਈ ਹੋਰ ਧਰਤੀ ਦੀ ਚੀਜ ਪੂਜਕ ਠਹਿਰਾਈ ਜਾਵੇ । ਨ ਹੀ ਦੁਨੀਆ ਦੇ ਅਸਬਾਬ ਨੂੰ ਅਜਿਹਾ ਮਾਣ ਦਿੱਤਾ ਜਾਵੇ ਅਤੇ ਅਜਿਹਾ ਉਹਨਾਂ'ਤੇ ਭਰੋਸਾ ਕੀਤਾ ਜਾਵੇ ਕਿ ਸੰਭਵਤਾ ਉਹ ਰੱਬ ਦੇ ਸ਼ਰੀਕ ਹਨ । ਨ ਹੀ ਆਪਣੀ ਹਿਮੱਤ ਤੇ ਜਤਨਾ ਨੂੰ ਕੋਈ ਚੀਜ਼ ਸਮਝਿਆ ਜਾਵੇ ਕਿ ਇਹ ਵੀ ਸ਼ਿਰਕ ਦੀਆਂ ਕਿਸਮਾਂ ਵਿੱਚੋਂ ਇਕ ਕਿਸਮ ਹੈ ਸਗੋਂ ਸਭ ਕੁਝ ਕਰਕੇ ਇਹ ਸਮਝਿਆ ਜਾਵੇ ਮੈਂ ਕੁਝ ਨਹੀਂ ਕੀਤਾ । ਅਤੇ ਨ ਆਪਣੇ ਗਿਆਨ ਉਪੱਰ ਕੋਈ ਘਮੰਡ ਕੀਤਾ ਜਾਵੇ ਅਤੇ ਨ ਆਪਣੇ ਅਮਲਾਂ ਉਪੱਰ ਕੋਈ ਮਾਣ, ਸਗੋਂ ਆਪਣੇ ਆਪ ਨੂੰ ਜਾਹਲ ਸਮਝਣ ਅਤੇ ਰੱਬ ਦੇ ਆਸਤਾਨੇ ਉਪੱਰ ਹਰ ਇਕ ਸਮੇਂ ਆਤਮਾ ਪਈ ਰਹੇ ਅਤੇ ਦੁਆਵਾਂ ਨਾਲ ਉਸ ਦੇ ਫ਼ੈਜ਼ ਨੂੰ ਆਪਣੇ ਵੱਲ ਖਿੱਚਿਆ ਜਾਵੇ ਅਤੇ ਉਸ ਮਨੁੱਖ ਵਾਂਗ ਹੋ ਜਾਣ ਜੋ ਸਖ਼ਤ ਪਿਆਸਾ ਅਤੇ ਅਪੰਗ ਹੈ ਅਤੇ ਉਸ ਦੇ ਸਾਹਮਣੇ ਅਤਿਅੰਤ ਸਾਫ਼, ਪਾਕ ਤੇ ਪਵਿੱਤਰ ਪਾਣੀ ਦਾ ਇਕ ਸੋਮਾ ਪ੍ਰਕਟ ਹੋਇਆ ਹੈ । ਸੋ, ਉਸਨੇ ਡਿੱਗਦਿਆਂ ਢਹਿੰਦਿਆ ਆਪਣੇ ਆਪ ਨੂੰ ਉਸ ਸੋਮੇ ਤੱਕ ਪਹੁੰਚਾ ਦਿਤੱਾ ਹੈ ਅਤੇ ਆਪਣੇ ਬੁੱਲਾਂ ਨੂੰ ਇਸ ਸੋਮੇ ਉਪੱਰ ਰੱਖ ਦਿੱਤਾ ਅਤੇ ਅੱਡ ਨ ਹੋਵੇ ਜੱਦ ਤੱਕ ਰੱਜ ਨ ਜਾਵੇ ।

ਮੋਮਨ ਦਾ ਰੂਪ ਆਸ਼ਕ ਦਾ ਰੂਪ ਹੁੰਦਾ ਹੈ । ਉਹ ਆਪਣੇ ਇਸ਼ਕ ਵਿੱਚ ਸੱਚਾ ਹੁੰਦਾ ਹੈ ਅਤੇ ਆਪਣੇ ਮਾਸ਼ੂਕ ਅਰਥਾਤ ਰੱਬ ਲਈ ਕਾਮਲ ਸਦਾਚਾਰੀ, ਪ੍ਰੇਮ ਤੇ ਜਾਨ ਕੁਰਬਾਨ ਕਰਨ ਵਾਲਾ ਜੋਸ਼ ਆਪਣੇ ਅੰਦਰ ਰੱਖਦਾ ਹੈ ਅਤੇ ਗਿੜਗਿੜਾਉਂਦਿਆ, ਕੁਰਲਾਉਂਦਿਆ, ਨਿਸ਼ਠਾ ਤੇ ਪੱਕੇ ਪੈਰ੍ਹੀਂ ਉਸ ਦੀ ਹਜ਼ੂਰੀ ਵਿੱਚ ਕਾਇਮ ਹੁੰਦਾ ਹੈ । ਦੁਨੀਆ ਦਾ ਕੋਈ ਆਨੰਦ ਉਸ ਦੇ ਲਈ ਆਨੰਦ ਨਹੀਂ ਹੁੰਦਾ । ਉਸ ਦੀ ਆਤਮਾ ਇਸੇ ਇਸ਼ਕ ਵਿੱਚ ਪਲਦੀ ਹੈ । ਮਾਸ਼ੂਕ ਵੱਲੋਂ ਬੇਨਿਆਜ਼ੀ ਦੇਖ ਕੇ ਉਹ ਘਬਰਾਉਂਦਾ ਨਹੀਂ । ਉਸ ਵੱਲੋਂ ਚੁੱਪੀ ਤੇ ਬੇਧਿਆਨੀ ਮਲੂਮ ਕਰਕੇ ਵੀ ਉਹ ਹਿਮੱਤ ਨਹੀਂ ਹਾਰਦਾ ਸਗੋਂ ਸਦਾ ਹੀ ਅੱਗੇ ਕਦਮ ਵਧਾਉਂਦਾ ਹੈ ਅਤੇ ਦਰਦੇਦਿਲ ਵੱਧ ਤੋਂ ਵੱਧ ਪੈਦਾ ਕਰਦਾ ਹੈ । ਇਹਨਾ ਦੋਹਾਂ ਚੀਜਾ ਦਾ ਹੋਣਾ ਜ਼ਰੂਰੀ ਹੈ ਕਿ ਆਸ਼ਕ ਮੋਮਨ ਇਲਾਹੀ

ਮੁਹਬੱਤ ਵਿੱਚ ਪੂਰੀ ਤਰ੍ਹਾਂ ਗੜੁੰਦ ਹੋਵੇ । ਕਾਮਲ ਇਸ਼ਕ ਵਿੱਚ ਸਚੱਾ ਜੋਸ਼ ਅਤੇ ਇਸ਼ਕ ਦੇ ਪ੍ਰਣ ਵਿੱਚ ਦ੍ਰਿੜ੍ਹ ਸੰਕਲਪ ਕੁੱਟ ਕੁੱਟ ਕੇ ਭੀਰਆ ਹੋਵੇ, ਜਿਸ ਨੂੰ ਕੋਈ ਦੁੱਖ ਹਿਲਾ ਨ ਸਕੇ ਅਤੇ ਮਾਸ਼ੂਕ ਵੱਲੋਂ ਕਦੇ ਕਦੇ ਕੋਈ ਬੇਪਰਵਾਹੀ ਤੇ ਚੁੱਪੀ ਹੋਵੇ । ਦੋ ਪ੍ਰਕਾਰ ਦਾ ਵਜੂਦ ਹੋਵੇ, ਇਕ ਤਾਂ ਉਹ ਜੋ ਰੱਬ ਦੀ ਮੁਹਬੱਤ ਦਾ ਦਰਦ ਹੋਵੇ ਦੂਜਾ ਜੋ ਕਿਸੇ ਦੀ ਔਕੜ ਸਮੇਂ ਮਨ ਵਿੱਚ ਦਰਦ ਉੱਠੇ ਅਤੇ ਭਲਾਈ ਲਈ ਚਿੰਤਾ ਪੈਦਾ ਹੋਵੇ । ਅਤੇ ਉਸ ਦੀ ਸਹਾਇਤਾ ਲਈ ਬੇਚੈਨੀ ਪੈਦਾ ਹੋਵੇ । ਖ਼ੁਦਾ ਤਆਲਾ ਦੀ ਮੁਹਬੱਤ ਲਈ ਜੋ ਨਿਮਰਤਾ ਤੇ ਦਰਦ ਹੁੰਦਾ ਹੈ ਅਤੇ ਸਾਬਤ ਕਦਮੀ ਉਸ ਨਾਲ ਮਿਲੀ ਹੋਈ ਹੋਈ ਹੁੰਦੀ ਹੈ ਉਹ ਮਨੁੱਖ ਨੂੰ ਬਸ਼ਰ ਹੋਣ ਤੋਂ ਵੱਖ ਕਰਕੇ ਰੱਬੀ ਛਾਂ ਹੇਠ ਪਾਉਂਦਾ ਹੈ ਜੱਦ ਤੱਕ ਉਸ ਦੀ ਹੱਦ ਤੱਕ ਪੀੜ੍ਹਾ ਤੇ ਇਸ਼ਕ ਨ ਪਹੁੰਚ ਜਾਵੇ ਕਿ ਜਿਸ ਵਿੱਚ ਰੱਬ ਤੋਂ ਬਿਨਾ ਵਿਸਿਮ੍ਰਤੀ ਪ੍ਰਾਪਤ ਹੋ ਜਾਵੇ, ਉਸ ਸਮੇਂ ਤੱਕ ਮਨੁੱਖ ਖ਼ਤਰਿਆਂ ਵਿੱਚ ਪਿਆ ਰਹਿੰਦਾ ਹੈ । ਇਹਨਾ ਖ਼ਤਰਿਆਂ ਦਾ ਵਿਨਾਸ਼ ਬਿਨਾ ਇਸ ਗੱਲ ਦੇ ਕਠਨ ਹੁੰਦਾ ਹੈ ਕਿ ਮਨੁੱਖ ਭੌਤਿਕਤਾ ਤੋਂ ਪੂਰੀ ਤਰ੍ਹਾ ਅੱਡ ਹੋਕੇ ਉਸੇ ਦਾ ਹੋ ਜਾਵੇ ਅਤੇ ਉਸ ਦੀ ਰਜ਼ਾ ਵਿੱਚ ਦਾਖ਼ਲ ਹੋਣਾ ਵੀ ਕਠਨ ਹੁੰਦਾ ਹੈ । ਉਸ ਦੀ ਮਖ਼ਲੂਕ ਲਈ ਅਜਿਹੀ ਪੀੜ੍ਹਾ ਹੋਣੀ ਚਾਹੀਦੀ ਹੈ ਜਿਵੇਂ ਇਕ ਅਤਿਅੰਤ ਮਿਹਰਬਾਨ ਮਾਂ ਨੂੰ ਆਪਣੇ ਅਣਜਾਨ ਪਿਆਰੇ ਬੱਚੇ ਲਈ ਮਨ ਵਿੱਚ ਸਚੱਾ ਜੋਸ਼ ਰੱਖਦੀ ਹੈ । ਅਰਥਾਤ ਰੱਬ ਦੀ ਬਰਾਬਰੀ ਰੱਖਣ ਵਾਲੇ ਭੌਤਿਕ ਤਤੱਵਾਂ ਨਾਲੋਂ ਪੂਰੀ ਤਰ੍ਹਾਂ ਅੱਡ ਕਰ ਲੈਣਾ ਅਤੇ ਰੱਬ ਦੀ ਮਖ਼ਲੂਕ ਦੀ ਪੀੜ੍ਹਾ ਵੀ ਮਨ ਵਿੱਚ ਰੱਖਣੀ ਚਾਹੀਦੀ ਹੈ । ਇਹ ਅਸਲ ਹੈ ਜੋ ਇਕ ਸੱਚੇ ਮੋਮਨ ਦੇ ਮਨ ਵਿੱਚ ਹੁੰਦਾ ਹੈ । ਜੋ ਅਲੱਾਹ ਤਆਲਾ ਦਾ ਆਸ਼ਕ ਹੋਵੇ । ਫਿਰ ਫ਼ਰਮਾਇਆ, ਇਹ ਬਿਲਕੁਲ ਸੱਚ ਹੈ ਕਿ ਜਿੰਨ੍ਹਾ ਰੱਬ ਦੀ ਹਸਤੀ ਅਤੇ ਉਸ ਦੀ ਵੱਡਿਆਈ ਉਪੱਰ ਭਰੋਸਾ ਹੋਵੇਗਾ ਉਨ੍ਹਾ ਹੀ ਰੱਬ ਨਾਲ ਮੁਹਬੱਤ ਤੇ ਖ਼ੌਫ਼ ਹੋਵੇਗਾ ਨਹੀਂ ਤਾਂ ਗ਼ਫ਼ਲਤ ਸਮੇਂ ਜੁਰਮ'ਤੇ ਦਲੇਰ ਹੋ ਜਾਵੇਗਾ । ਰੱਬ ਨਾਲ ਪ੍ਰੇਮ, ਉਸ ਦੀ ਵੱਡਿਆਈ ਅਤੇ ਜਾਹੋ ਜਲਾਲ ਦਾ ਰੁਹਬ ਤੇ ਖ਼ੌਫ਼ ਹੀ ਦੋ ਅਜਿਹੀਆਂ ਚੀਜਾਂ ਹਨ ਜਿੰਨ੍ਹਾ ਤੋਂ ਪਾਪ ਸੜ ਜਾਂਦੇ ਹਨ । ਇਹ ਉਸੂਲ ਦੀ ਗੱਲ ਹੈ ਕਿ ਮਨੁੱਖ ਜਿੱਨ੍ਹਾ ਚੀਜਾਂ ਤੋਂ ਡਰਦਾ ਹੈ, ਬਚਦਾ ਹੈ ਉਧਾਰਣ ਲਈ ਜਾਣਦਾ ਹੈ ਕਿ ਅੱਗ ਸਾੜ ਦਿੰਦੀ ਹੈ ਇਸ ਲਈ ਅੱਗ ਵਿੱਚ ਹੱਥ ਨਹੀਂ ਪਾਉਂਦਾ । ਜਾਂ ਉਧਾਰਣ ਲਈ ਇਹ ਗਿਆਨ ਹੋਵੇ ਕਿ ਫਲਾਣੀ ਥਾਂ ਸੱਪ ਹੈ ਤਾਂ ਉਸ ਮਾਰਗ'ਚੋਂ ਨਹੀਂ ਲੰਘੇਗਾ । ਇਸੇ ਪ੍ਰਕਾਰ ਉਸ ਨੂੰ ਵਿਸ਼ਵਾਸ ਹੋ ਜਾਵੇ ਕਿ ਪਾਪ ਦਾ ਵਿਸ਼ ਉਸ ਨੂੰ ਮਾਰ ਦੇਵੇਗਾ । ਇਸ ਲਈ ਉਹ ਰੱਬ ਦੀ ਅਜ਼ਮਤ ਤੋਂ ਡਰੇ ਅਤੇ ਉਸ ਨੂੰ ਵਿਸ਼ਵਾਸ ਹੋਵੇ ਕਿ ਉਹ ਪਾਪ ਨੂੰ ਪਸੰਦ ਨਹੀਂ ਕਰਦਾ ਅਤੇ ਪਾਪ ਕਰਨ'ਤੇ ਕਰੜਾ ਦੰਡ ਦਿੰਦਾ ਹੈ ਤਾਂ ਜੋ ਉਸ ਨੂੰ ਪਾਪ ਕਰਨ'ਤੇ ਦਲੇਰੀ ਤੇ ਜੁਰੱਤ ਨ ਹੋਵੇ । ਧਰਤੀ ਉਪੱਰ ਵੀ ਇਸੇ ਪ੍ਰਕਾਰ ਚਲਦਾ ਹੈ ਜਿਵੇਂ ਮੁਰਦਾ ਚਲਦਾ ਹੈ ਉਸ ਦੀ ਆਤਮਾ ਹਰ ਸਮੇਂ ਰੱਬ ਕੋਲ ਹੁੰਦੀ ਹੈ ।

ਫਿਰ ਫ਼ਰਮਾਇਆ ਕਿ ਮਨੁੱਖ ਜੱਦ ਰੱਬ ਦੇ ਸਨੇਹ ਦੀ ਅੱਗ ਵਿੱਚ ਪੈਕੇ ਆਪਣੇ ਸਾਰੇ ਵਜੂਦ ਨੂੰ ਸਾੜ ਦਿੰਦਾ ਹੈ ਤਾਂ ਉਹੋ ਸਨੇਹ ਦੀ ਮੌਤ ਉਸ ਨੂੰ ਇਕ ਨਵਾਂ ਜੀਵਨ ਬਖ਼ਸ਼ਦੀ ਹੈ । ਕੀ ਤੁਸੀਂ ਨਹੀਂ ਸਮਝ ਸਕਦੇ ਕਿ ਮੁਹਬੱਤ ਵੀ ਇਕ ਅੱਗ ਹੈ ਅਤੇ ਪਾਪ ਵੀ ਇਕ ਅੱਗ ਹੈ । ਸੋ, ਇਹ ਅਗੱ ਜੋ ਮੁਹਬੱਤੇ ਇਲਾਹੀ ਦੀ ਅੱਗ ਹੈ ਪਾਪ ਦੀ ਅੱਗ ਨੂੰ ਨਸ਼ਟ ਕਰ ਦਿੰਦੀ ਹੈ । ਇਹੋ ਮੁਕਤੀ ਦੀ ਜੜ੍ਹ ਹੈ ।

ਫ਼ਿਰ ਖ਼ੁਦਾ ਦੀ ਮੁਹਬੱਤ ਸਾਨੂੰ ਆਪਣੇ ਮਨਾਂ ਵਿੱਚ ਪੈਦਾ ਕਰਨ ਲਈ ਕਿਸ ਢੰਗ ਨਾਲ ਆਪ ਜੀ ਨੇ ਨਸੀਹਤ ਫ਼ਰਮਾਈ ਉਸਦੀ ਇਕ ਉਧਾਰਣ ਦਿੰਦਾ ਹਾਂ । ਫ਼ਰਮਾਇਆ ਕਿ ਕਿੰਨ੍ਹਾ ਹੀ ਬੇ-ਨਸੀਬਾ ਹੈ ਉਹ ਮਨੁੱਖ ਜਿਸ ਨੂੰ ਹੁਣ ਤੱਕ ਇਹ ਨਹੀਂ ਪਤਾ ਕਿ ਉਸ ਦਾ ਇਕ ਰੱਬ ਹੈ ਜੋ ਹਰ ਇਕ ਚੀਜ ਉਪੱਰ ਕਾਦਰ ਹੈ । ਸਾਡਾ ਸਵਰਗ ਸਾਡਾ ਖ਼ੁਦਾ ਹੈ; ਸਾਡੇ ਸਾਰੇ ਆਨੰਦ ਸਾਡੇ ਖ਼ੁਦਾ ਵਿੱਚ ਹਨ ਕਿਉਂਕਿ ਅਸੀਂ ਉਸ ਨੂੰ ਦੇਖਿਆ ਹੈ ਅਤੇ ਹਰ ਇਕ ਸੁੰਦਰਤਾ ਉਸ ਵਿੱਚ ਪਾਈ । ਇਹ ਦੌਲਤ ਲੈਣ ਯੋਗ ਹੈ ਜੇਕਰ ਜਾਨ ਦੇਣ ਨਾਲ ਮਿਲੇ ਅਤੇ ਇਹ ਲਾਲ ਮੁੱਲ ਲੈਣ ਯੋਗ ਹੈ ਜੇਕਰ ਸਾਰਾ ਆਪਣਾ ਆਪਾ ਗੁਆ ਦੇਣ ਨਾਲ ਮਿਲੇ । ਹੇ, ਵਾਂਜਿਓ ! ਇਸ ਸੋਮੇ ਵੱਲ ਦੌੜੋ ਕਿ ਉਹ ਤੁਹਾਨੂੰ ਰਜਾ ਦੇਵੇਗਾ, ਇਹ ਜੀਵਨ ਦਾ ਸੋਮਾ ਹੈ ਜੋ ਤੁਹਾਨੂੰ ਬਚਾਏਗਾ । ਮੈਂ ਕੀ ਕਰਾਂ ਅਤੇ ਕਿਵੇਂ ਇਸ ਖ਼ੁਸ਼ਖ਼ਬਰੀ ਨੂੰ ਮਨਾਂ ਵਿੱਚ ਬਿਠਾਵਾਂ । ਕਿਹੜੇ ਦੱਫ਼ (ਡਫ਼ਲੀ) ਨਾਲ ਬਜ਼ਾਰਾਂ

ਵਿੱਚ ਘੋਸ਼ਣਾ ਕਰਾਂ ਕਿ ਕਿ ਤੁਹਾਡਾ ਇਹ ਰੱਬ ਹੈ ਤਾਂ ਜੋ ਲੋਕ ਸੁਣ ਲੈਣ ਅਤੇ ਕਿਹੜੀ ਦਵਾ ਨਾਲ ਮੈਂ ਤੁਹਾਡਾ ਇਲਾਜ ਕਰਾਂ ਤਾਂ ਜੋ ਸੁਨਣ ਲਈ ਲੋਕਾਂ ਦੇ ਕੰਨ ਖੁੱਲ ਜਾਣ । ਜੇਕਰ ਤੁਸੀਂ ਖ਼ੁਦਾ ਦੇ ਹੋ ਜਾਓ ਗੇ ਤਾਂ ਅਵਸ਼ ਜਾਣੋਂ ਕਿ ਖ਼ੁਦਾ ਤੁਹਾਡਾ ਹੀ ਹੈ, ਤੁਸੀਂ ਸੁੱਤੇ ਹੋਵੋਗੇ ਅਤੇ ਰੱਬ ਤੁਹਾਡੇ ਲਈ ਜਾਗੇ ਗਾ । ਤੁਸੀਂ ਦੁਸ਼ਮਨ ਤੋਂ ਗ਼ਾਫ਼ਲ ਹੋਵੋਗੇ ਅਤੇ ਰੱਬ ਉਸ ਨੂੰ ਦੇਖੇਗਾ ਅਤੇ ਉਸ ਦੇ ਮਨਸੂਬਿਆਂ ਨੂੰ ਤੋੜ ਦੇਵੇਗਾ । ਤੁਸੀਂ ਹੁਣ ਤੱਕ ਨਹੀਂ ਜਾਣਦੇ ਕਿ ਤੁਹਾਡੇ ਰੱਬ ਵਿੱਚ ਕੀ ਕੀ ਕੁਦਰਤਾਂ ਹਨ । ਜੇਕਰ ਤੁਸੀਂ ਜਾਣਦੇ ਹੁੰਦੇ ਤਾਂ ਤੁਹਾਡੇ 'ਤੇ ਕੋਈ ਅਜਿਹਾ ਦਿਨ ਨ ਆਉਦਾ ਕਿ ਤੁਸੀਂ ਦੁਨੀਆ ਲਈ ਸਖ਼ਤ ਦੁਖੀ ਹੋ ਜਾਂਦੇ । ਇਕ ਮਨੁੱਖ ਜੋ ਇਕ ਖ਼ਜ਼ਾਨਾ ਆਪਣੇ ਕੋਲ ਰੱਖਦਾ ਹੈ ਕਿ ਉਹ ਇਕ ਪੈਸਾ ਨਸ਼ਟ ਹੋਣ'ਤੇ ਰੋਂਦਾ ਹੈ; ਚੀਕਾਂ ਮਾਰਦਾ ਹੈ ਅਤੇ ਹਲਾਕ ਹੋਣ ਲਗਦਾ ਹੈ ਫਿਰ ਜੇਕਰ ਤੁਹਾਨੂੰ ਉਸ ਖ਼ਜ਼ਾਨੇ ਬਾਰੇ ਪਤਾ ਹੁੰਦਾ ਕਿ ਰੱਬ ਤੁਹਾਡੀ ਹਰ ਇਕ ਲੋੜ ਦੇ ਸਮੇਂ ਕੰਮ ਆਉਣ ਵਾਲਾ ਹੈ ਤਾਂ ਤੁਸੀਂ ਦੁਨੀਆ ਲਈ ਆਪ ਮੁਹਾਰੇ ਕਿਉਂ ਹੁੰਦੇ । ਖੁਦਾ ਇਕ ਪਿਆਰਾ ਖ਼ਜ਼ਾਨਾ ਹੈ, ਉਸ ਦੀ ਕਦਰ ਕਰੋ ਕਿ ਉਹ ਤੁਹਾਡੇ ਹਰ ਇਕ ਕਦਮ ਵਿੱਚ ਤੁਹਾਡਾ ਸਹਾਇਕ ਰਹੇ, ਤੁਸੀਂ ਉਸ ਤੋਂ ਬਿਨਾ ਕੁਝ ਵੀ ਨਹੀਂ ਅਤੇ ਨ ਹੀ ਤੁਹਾਡੇ ਅਸਬਾਬ ਤੇ ਜਤਨ ਕੋਈ ਚੀਜ ਹਨ । ਗੈਰ ਕੌਮਾ ਦੀ ਪੈਰ੍ਹਵੀ ਨ ਕਰੋ, ਗ਼ੈਰ ਕੌਮਾਂ ਦੀ ਪੈਰ੍ਹਵੀ ਨ ਕਰੋ ਜੋ ਪੂਰਨ ਰੂਪ ਵਿੱਚ ਅਸਬਾਬ ਉਪੱਰ ਢਹਿ ਢੇਰ ਹੋ ਗਏ ਹਨ । ਜਿਵੇਂ ਸੱਪ ਮਿੱਟੀ ਖਾਂਦਾ ਹੈ ਉਹਨਾਂ ਨੇ ਫੋਕੇ ਅਸਬਾਬ ਦੀ ਮਿੱਟੀ ਖਾਦੀ । ਜਿਵੇਂ ਗਿੱਧ ਤੇ ਕੁੱਤੇ ਮੁਰਦਾਰ ਖਾਂਦੇ ਹਨ । ਉਹਨਾਂ ਨੇ ਮੁਰਦਾਰ ਉਪੱਰ ਦੰਦ ਮਾਰੇ ਉਹ ਰੱਬ ਤੋਂ ਬਹੁਤ ਦੂਰ ਜਾ ਪਏ । ਮਨੁੱਖਾਂ ਦੀ ਪੂਜਾ ਕੀਤੀ ਅਤੇ ਸੂਰ ਖਾਧਾ ਅਤੇ ਸ਼ਰਾਬ ਨੂੰ ਪਾਣੀ ਵਾਂਗ ਵਰਤਿਆ ਅਤੇ ਹੱਦੋਂ ਵੱਧ ਅਸਬਾਬ ਉਪੱਰ ਡਿਗੱਣ ਕਰਕੇ ਅਤੇ ਰੱਬ ਤੋਂ ਸ਼ਕਤੀ ਨ ਮੰਗਣ ਕਰਕੇ ਉਹ ਮਰ ਗਏ ਅਤੇ ਆਕਾਸ਼ੀ ਰੂਹ ਉਹਨਾਂ ਵਿੱਚੋਂ ਨਿਕਲ ਗਈ ਜਿਵੇਂ ਇਕ ਆਲ੍ਹਣੇ ਵਿੱਚੋਂ ਕਬੂਤਰ ਉੱਡ ਜਾਂਦਾ ਹੈ, ਉਹਨਾਂ ਵਿੱਚ ਦੁਨੀਅ ਪ੍ਰਸਤੀ ਦਾ ਕੋੜ੍ਹ ਹੈ ਜਿਸ ਨੇ ਉਹਨਾਂ ਦੇ ਸਾਰੇ ਅੰਦਰੂਨੀ ਅੰਗਾ ਨੂੰ ਕੱਟ ਦਿੱਤਾ ਹੈ, ਸੋ, ਤੁਸੀਂ ਇਸ ਕੋੜ੍ਹ ਤੋਂ ਡਰੋ ।

ਫਿਰ ਆਪ ਫ਼ਰਮਾਉਂਦੇ ਹਨ :

ਤੁਸੀਂ ਉਸ ਰੱਬ ਨੂੰ ਜਾਨਣ ਲਈ ਬਹੁਤ ਜਤਨ ਕਰੋ ਜਿਸ ਨੂੰ ਪਉਣਾ ਪੂਰੀ ਮੁਕਤੀ ਹੈ, ਜਿਸ ਦਾ ਮਿਲਣਾ ਸੰਪੂਰਨ ਸੁਮਾਰਗ ਹੈ । ਉਹ ਖ਼ਦਾ ਉਸੇ ਉਪੱਰ ਪ੍ਰਕਟ ਹੁੰਦਾ ਹੈ ਜੋ ਮਨ ਦੀ ਸਚੱਾਈ ਅਤ ਮੁਹਬੱਤ ਨਾਲ ਉਸ ਨੂੰ ਭਾਲਦਾ ਹੈ ਉਹ ਉਸੇ'ਤੇ ਆਪਣਾ ਨੂਰ ਪ੍ਰਕਟ ਕਰਦਾ ਹੈ ਜੋ ਉਸੇ ਦਾ ਹੋ ਜਾਂਦਾ ਹੈ । ਉਹ ਮਨ ਜੋ ਪਾਕ ਹਨ ਉਹ ਉਸ ਦੀ ਤਖ਼ਤਗਾਹ ਹਨ ਅਤੇ ਉਹ ਮੂੰਹ ਜੋ ਝੂਠ, ਗਾਲ੍ਹ ਤੇ ਮਿੱਥਵਾਦ ਤੋਂ ਪਾਕ ਹਨ, ਉਸਦੀ ਵਹੀ ਦਾ ਅਸਥਾਨ ਹਨ । ਹਰ ਇਕ ਜੋ ਉਸ ਦੀ ਰਜ਼ਾ ਵਿੱਚ ਫ਼ਨਾ ਹੁੰਦਾ ਹੈ ਉਸ ਦੀਆਂ ਵਿਲਖੱਣ ਕੁਦਰਤ ਦਾ ਮਜ਼ਹਰ ਬਣ ਜਾਂਦਾ ਹੈ ।

ਅਲੱਾਹ ਤਆਲਾ ਸਾਨੂੰ ਇਹਨਾਂ ਮਿਆਰਾਂ ਨੂੰ ਹਾਸਲ ਕਰਨ ਦੀ ਸ਼ਕਤੀ ਪ੍ਰਦਾਨ ਕਰੇ ਜਿੰਨ੍ਹਾ ਉਪੱਰ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਸਾਨੂੰ ਦੇਖਣਾ ਚਾਹੁੰਦੇ ਹਨ । ਅਲੱਾਹ ਤਆਲਾ ਸਾਨੂੰ ਸ਼ਕਤੀ ਦੇਵੇ ਕਿ ਅਸੀਂ ਨਿਰੋਲ ਹੋਕੇ ਅਲੱਾਹ ਵੱਲ ਝੁਕਣ ਵਾਲੇ ਅਤੇ ਉਸ ਨਾਲ ਸੱਚੀ ਮੁਹਬੱਤ ਕਰਨ ਵਾਲੇ ਹੋਈਏ ਅਤੇ ਉਸ ਦੀ ਮੁਹਬੱਤ ਹਾਸਲ ਕਰਕੇ ਆਪਣੇ ਜੀਵਨ ਦਾ ਭਾਗ ਬਨਾਉਣ ਵਾਲੇ ਅਤੇ ਉਸ ਦੀ ਰਜ਼ਾ ਵਿੱਚ ਰਾਜ਼ੀ ਹੋਕੇ ਸਵਰਗਾਂ ਵਿੱਚ ਜਾਣ ਵਾਲੇ ਹੋਈਏ ।

★★★★★★★★★★★★★★★★